ਦਫ਼ਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਸੰਗਰੂਰ
ਟੈਲੀਫੋਨ ਤੇ ਫੈਕਸ ਨੰ:- 01672-234092

ਵੱਲ

ਮੈਸਰਜ਼ ਵਿੱਦਿਆ ਸਾਗਰ ਪੈਰਾਮੈਡੀਕਲ ਇੰਸਟੀਚਿਊਟ(ਅੰਡਰ ਸੁਸਾਇਟੀ),
ਮਹਾਂਦੇਵ ਐਜੂਕੇਸ਼ਨਲ ਵੈਲਫੇਅਰ ਐਂਡ ਚੈਰੀਟੇਬਲ ਸੁਸਾਇਟੀ,
ਲਹਿਰਾਗਾਗਾ ਜ਼ਿਲ੍ਹਾ ਸੰਗਰੂਰ।

ਨੰ: 3042 ਮਿਤੀ: 02-2-18

ਵਿਸ਼ਾ: ਕਾਲਜ ਦੇ ਰਸਤੇ ਦੀ ਐਨ.ਓ.ਸੀ. ਲੈਣ ਸਬੰਧੀ(ਸੁਨਾਮ-ਲਹਿਰਾਗਾਗਾ-ਜਾਖਲ ਰੋਡ)ਕਿ:ਮੀ:29.00: ਦੇ ਵਿਚਕਾਰ ਸੱਜੇ ਪਾਸੇ।

ਹਵਾਲਾ: ਆਪ ਦੀ ਪ੍ਰਤੀਬੇਨਤੀ ਮਿਤੀ 12-01-18.

ਆਪ ਵਲੋਂ ਹਵਾਲਾ ਅਧੀਨ ਪੱਤਰ ਰਾਹੀ ਕੀਤੀ ਗਈ ਮੰਗ ਅਤੇ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ: 3 ਸੰਗਰੂਰ ਵੱਲੋ ਕੀਤੀ ਗਈ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ 6 ਮੀਟਰ ਚੋੜੇ ਇੱਕ ਰਸਤੇ ਦੀ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1)ਆਪ ਨਾਲ ਨੱਥੀ ਅਪਰੂਵਡ ਨਕਸ਼ੇ ਅਨੁਸਾਰ ਹੀ ਉਸਾਰੀ ਕਰੋਗੇ।

2)ਪਾਣੀ ਦੀ ਡਿਸਪੋਜ਼ਲ ਵਾਸਤੇ ਡਰੇਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸੜਕ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ। ਇਹ ਡਰੇਨ ਸੜਕ ਦੇ ਲੇਵਲ ਤੋ ਨੀਵੀ ਬਣਾਈ ਜਾਵੇ।
3)ਸੜਕ ਦੀ ਜਗ੍ਹਾ ਵਿੱਚ ਕੂੜਾ ਕਰਕਟ ਨਾ ਸੁੱਟਿਆ ਜਾਵੇ।
4)ਸੜਕ ਦੀ ਜਗ੍ਹਾ ਵਿੱਚ ਕੋਈ ਪਾਰਕਿੰਗ ਨਾ ਕੀਤੀ ਜਾਵੇ।
5)ਜੇਕਰ ਭਵਿੱਖ ਵਿੱਚ ਸੜਕ ਨੂੰ ਚੋੜਾ ਕਰਨਾ ਪਿਆ ਤਾਂ ਪਹਿਲਾਂ ਕੀਤੀ ਉਸਾਰੀ ਆਪ ਵੱਲੋਂ ਆਪਣੇ ਪੱਧਰ ਤੇ ਢੁਹਾਈ ਜਾਵੇਗੀ ਅਤੇ ਇਸ ਸਬੰਧੀ ਕੋਈ ਕਲੇਮ ਨਹੀਂ ਦਿੱਤਾ ਜਾਵੇਗਾ।
6)ਜੇਕਰ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋਂ ਉਲੰਘਣਾ ਕੀਤੀ ਗਈ ਤਾਂ ਜਾਰੀ ਕੀਤਾ ਐਨ.ਓ.ਸੀ.ਰੱਦ ਕਰ ਦਿੱਤਾ ਜਾਵੇਗਾ ਅਤੇ ਕੀਤੀ ਗਈ ਉਸਾਰੀ ਆਪ ਦੇ ਖਰਚੇ ਤੇ ਢੁਆਹ ਦਿੱਤੀ ਜਾਵੇਗੀ।ਜਿਸ ਦੀ ਸਾਰੀ ਜ਼ਿੰਮੇਵਾਰੀ ਆਪ ਦੀ ਆਪਣੀ ਹੋਵੇਗੀ।
7)ਇਹ ਐਨ.ਓ.ਸੀ.ਸਿਰਫ਼ ਸੜਕ ਪੱਖੋਂ ਦਿੱਤਾ ਜਾਂਦਾ ਹੈ।ਬਾਕੀ ਮਹਿਕਮਿਆਂ ਨਾਲ ਸਬੰਧਿਤ ਜਿਵੇਕਿ ਸੀ.ਐਲ.ਯੂ.,ਜੰਗਲਾਤ, ਫਾਇਰ ਡਿਪਾਰਟਮੈਂਟ,ਬਿਲਡਿੰਗ ਸੇਫ਼ਟੀ ਆਦਿ ਲੋੜ ਅਨੁਸਾਰ ਆਪ ਆਪਣੇ ਪੱਧਰ ਤੇ ਲੈਣ ਲਈ ਜ਼ਿੰਮੇਵਾਰ ਹੋਵੋਗੇ।

ਨੱਥੀ/ਨਕਸ਼ੇ ਦੀ ਕਾਪੀ(3ਨੰ:)

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਸੰਗਰੂਰ ।

**ਰਜਿਸਟਰਡ**

ਪਿੱਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ,(ਪੀ.ਆਰ.ਬੀ.ਡੀ.ਬੀ.) ਐਸ.ਸੀ.ਓ.ਨੰ:61-62 ਫੇਜ਼-2,ਮੁਹਾਲੀ ਨੂੰ ਬੈਂਕ ਡਰਾਫ਼ਟ ਨੰ: 538874 ਮਿਤੀ 12-01-18 ਬਾਬਤ ਰੁ: 5000/-(ਵਿਜ਼ਟਿੰਗ ਫੀਸ)ਅਤੇ ਡੀ.ਡੀ. 538892 ਮਿਤੀ 01-02-18 ਬਾਬਤ ਰੁ: 59040/- (ਰਸਤੇ ਦੀ ਫੀਸ) ਸੂਚਨਾ ਅਤੇ ਅਗਲੀ ਯੋਗ ਕਾਰਵਾਈ ਲਈ ਭੇਜੇ ਜਾਂਦੇ ਹਨ।

ਨੱਥੀ/ਦੋ ਬੈਂਕ ਡਰਾਫਟ(ਅਸਲ ਰੂਪ ਵਿੱਚ)

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਸੰਗਰੂਰ ।

Email ID: xenconstsgr@gmail.com

President
Mahadev Educational Welfare
& Cheritable Society